*ASIAN AMERICAN LEGAL DEFENSE AND EDUCATION FUND*
*99 HUDSON STREET, 12 FL • NEW YORK, NY 10013 • 212.966.5932 • www.aaldef.org*

# ਜਨਗਣਨਾ ਅਤੇ ਸਿਆਸੀ ਪ੍ਰਤੀਨਿਧਤਾ - ਮੁੜ ਕੇ ਜ਼ਿਲਾਬੰਦੀ ਕਰਨੀ

ਜਨਗਣਨਾ ਨੂੰ ਮੁੜ ਕੇ ਜ਼ਿਲਾਬੰਦੀ ਕਰਨ ਲਈ ਆਧਾਰ ਦੇ ਤੌਰ ਤੇ ਇਸਤੇਮਾਲ ਕੀਤਾ ਜਾਂਦਾ ਹੈ, ਜਿਸ ਨਾਲ ਭਾਈਚਾਰਿਆਂ ਦੀ ਸਿਆਸੀ ਪ੍ਰਤੀਨਿਧਤਾ ਨਿਸਚਿਤ ਹੁੰਦੀ ਹੈ। ਸਿਟੀ ਕੌਂਸਲ, ਸਟੇਟ ਅਸੈਂਬਲੀ, ਸਟੇਟ ਸੈਨੇਟ ਅਤੇ ਅਮਰੀਕਾ ਦੇ ਹਾਊਸ ਆਫ਼ ਰੀਪ੍ਰਜ਼ੈਂਟੇਟਿਵਸ (ਪ੍ਰਤੀਨਿਧ ਸਭਾ) ਲਈ ਪ੍ਰਤੀਨਿਧ ਚੁਣਨ ਲਈ ਲੋਕਾਂ ਦੇ ਸਮੂਹਾਂ ਨੂੰ "ਡਿਸਟ੍ਰਿਕਟਾਂ" (ਜ਼ਿਲਿਆਂ) ਵਿੱਚ ਵੰਡਿਆ ਜਾਂਦਾ ਹੈ। ਅਮਰੀਕਾ ਦੇ ਸੰਵਿਧਾਨ ਅਨੁਸਾਰ ਇਹ ਜ਼ਰੂਰੀ ਹੈ ਕਿ ਹਰ ਕਿਸਮ ਦੇ ਡਿਸਟ੍ਰਿਕਟ ਵਿੱਚ ਲੋਕਾਂ ਦੀ ਗਿਣਤੀ ਲਗਭਗ ਇੱਕੋ ਜਿਹੀ ਹੋਵੇ। ਉਦਾਹਰਣ ਦੇ ਤੌਰ ਤੇ ਦਸ ਸਿਟੀ ਕੌਂਸਲ ਮੈਂਬਰਾਂ ਵਾਲੇ 100,000 ਲੋਕਾਂ ਦੇ ਸ਼ਹਿਰ ਨੂੰ ਜ਼ਿਲਾਬੰਦੀ ਇਸ ਤਰ੍ਹਾਂ ਕਰਨੀ ਜ਼ਰੂਰੀ ਹੈ ਕਿ ਹਰ ਕੌਂਸਲ ਮੈਂਬਰ ਜਿਸ ਜ਼ਿਲੇ ਦੀ ਪ੍ਰਤੀਨਿਧਤਾ ਕਰ ਰਿਹਾ ਹੈ, ਉਸ ਵਿੱਚ ਲਗਭਗ 10,000 ਲੋਕ ਹੋਣ।

**ਮੁੜ ਕੇ ਜ਼ਿਲਾਬੰਦੀ (ਰਿਡਿਸਟ੍ਰਿਕਟਿੰਗ) ਜਨਗਣਨਾ ਦੇ ਆਧਾਰ ਤੇ ਕੀਤੀ ਜਾਂਦੀ ਹੈ**

ਆਬਾਦੀ ਵਿੱਚ ਤਬਦੀਲੀ ਨਿਸਚਿਤ ਕਰਨ ਲਈ ਹਰ ਦਸ ਸਾਲਾਂ ਬਾਅਦ ਜਨਗਣਨਾ ਕੀਤੀ ਜਾਂਦੀ ਹੈ। ਪਰ ਲੋਕ ਇੱਕ ਥਾਂ ਤੋਂ ਦੂਜੀ ਜਗ੍ਹਾ ਤੇ ਚਲੇ ਜਾਂਦੇ ਹਨ, ਅਤੇ ਭਾਈਚਾਰੇ ਵੱਧ ਜਾਂ ਘੱਟ ਹੋ ਜਾਂਦੇ ਹਨ, ਇਸ ਲਈ ਹਰ ਜ਼ਿਲੇ ਦੀਆਂ ਸੀਮਾਵਾਂ, ਜਨਗਣਨਾ ਦੇ ਨਵੇਂ ਡੈਟਾ ਅਨੁਸਾਰ ਮੁੜ ਕੇ ਉਲੀਕੀਆਂ ਜਾਂਦੀਆਂ ਹਨ। ਇਸ ਅਮਲ ਨੂੰ "ਮੁੜ ਕੇ ਜ਼ਿਲਾਬੰਦੀ" (ਰਿਡਿਸਟ੍ਰਿਕਟਿੰਗ) ਕਿਹਾ ਜਾਂਦਾ ਹੈ।

**ਮੁੜ ਕੇ ਜ਼ਿਲਾਬੰਦੀ ਹੋਣੀ ਏਸ਼ੀਅਨ ਅਮਰੀਕਨਾਂ ਲਈ ਅਹਿਮ ਹੈ**

ਏਸ਼ੀਅਨ ਅਮਰੀਕਨਾਂ ਲਈ, ਮੁੜ ਕੇ ਜ਼ਿਲਾਬੰਦੀ ਹੋਣੀ ਆਪਣੇ ਭਾਈਚਾਰਿਆਂ ਨੂੰ ਇਕੱਠਿਆਂ ਰੱਖ ਕੇ, ਆਪਣਾ ਸਿਆਸੀ ਪ੍ਰਭਾਵ ਅਤੇ ਪ੍ਰਤੀਨਿਧਤਾ ਵੱਧ ਕਰਨ ਦਾ ਇੱਕ ਮੌਕਾ ਹੈ। ਪਰ ਮੁੜ ਕੀਤੀ ਜ਼ਿਲਾਬੰਦੀ ਵੰਡੀਆਂ ਵੀ ਪਾ ਸਕਦੀ ਹੈ, ਜਾਂ ਏਸ਼ੀਅਨ ਅਮਰੀਕਨ ਗੁਆਂਢ ਵਿੱਚ ਕਿਸੇ "ਇੱਕ ਪੱਖ ਦੇ ਹਿਤ" ਵਿੱਚ ਚੋਣ ਹਲਕੇ ਬਣਾਉਣ ਲਈ ਹੇਰਾਫੇਰੀ ਵੀ ਹੋ ਸਕਦੀ ਹੈ, ਜਿਸ ਨਾਲ ਭਾਈਚਾਰੇ ਦੀ ਵੋਟਾਂ ਦੀ ਸ਼ਕਤੀ ਕਮਜ਼ੋਰ ਹੁੰਦੀਹੈ।

**ਏਸ਼ੀਅਨ ਅਮਰੀਕਨਾਂ ਲਈ ਮੁੜ ਜ਼ਿਲਾਬੰਦੀ ਕਰਨ ਦੇ ਵਿਕਲਪ**

ਜਨਗਣਨਾ ਦੇ ਡੈਟਾ ਵਿੱਚ, ਸ਼ਹਿਰਾਂ, ਕਾਉਂਟੀਆਂ, ਗੁਆਂਢ ਜਾਂ ਗਲੀਆਂ ਦੇ ਬਲਾਕਾਂ ਵਰਗੇ ਵਿਸ਼ੇਸ਼ ਭੂਗੋਲਿਕ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਦੀ ਗਿਣਤੀ, ਨਸਲ, ਅਤੇ ਹੋਰ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਹੁੰਦੀ ਹੈ। ਇਸ ਡੈਟਾ ਦੇ ਇਸਤੇਮਾਲ ਨਾਲ ਸਾਂਝੇ ਹਿਤਾਂ ਵਾਲੇ ਏਸ਼ੀਅਨ ਅਮਰੀਕਨਾਂ ਨੂੰ ਇਕੱਠਿਆਂ ਰੱਖਣ ਲਈ, ਜ਼ਿਲਾਬੰਦੀ ਕੀਤੀ ਜਾ ਸਕਦੀ ਹੈ ਤਾਂ ਜੋ ਉਹ ਆਪਣੀ ਪਸੰਦ ਦੇ ਉਮੀਦਵਾਰ ਚੁਣ ਸਕਣ। ਜੇ ਜਨਗਣਨਾ ਤੋਂ ਇਹ ਪਤਾ ਲਗਦਾ ਹੈ ਕਿ ਏਸ਼ੀਅਨ ਅਮਰੀਕਨ ਭਾਈਚਾਰੇ ਦੀ ਗਿਣਤੀ ਜ਼ਿਆਦਾ ਹੈ ਅਤੇ ਰਿਹਾਇਸ਼ੀ ਤੌਰ ਤੇ ਉਹ ਕਾਫੀ ਸੰਗਠਿਤ ਹਨ ਤਾਂ ਹੇਠ ਲਿਖੇ ਜ਼ਿਲੇ ਉਲੀਕੇ ਜਾ ਸਕਦੇ ਹਨ।

- **"ਏਸ਼ੀਅਨ-ਆਪੁਰਚੁਨਿਟੀ ਡਿਸਟ੍ਰਿਕਟਸ" (ਏਸ਼ੀਅਨਾਂ ਨੂੰ ਜ਼ਿਲੇ ਬਣਾਉਣ ਦਾ ਮੌਕਾ)** – ਇਹ ਉਹ ਜ਼ਿਲੇ ਹਨ ਜਿੱਥੇ ਵੋਟਰਾਂ ਵਿੱਚ ਏਸ਼ੀਅਨ ਅਮਰੀਕਨਾਂ ਦੀ ਬਹੁ ਗਿਣਤੀ (ਘੱਟੋ ਘੱਟ 50%) ਹੈ। ਇਥੇ ਏਸ਼ੀਅਨ ਅਮਰੀਕਨ ਜ਼ਿਲੇ ਦਾ ਪ੍ਰਤੀਨਿਧ ਚੁਣ ਸਕਦੇ ਹਨ।

- **"ਏਸ਼ੀਅਨ ਇਨਫਲੂਐਂਸ ਡਿਸਟ੍ਰਿਕਟਸ" (ਏਸ਼ੀਅਨਾਂ ਦੇ ਪ੍ਰਭਾਵ ਵਾਲਾ ਜ਼ਿਲਾ)** – ਇਨ੍ਹਾਂ ਜ਼ਿਲਿਆਂ ਦੀ ਆਬਾਦੀ ਵਿੱਚ ਏਸ਼ੀਅਨ ਅਮਰੀਕਨ ਵੱਡੀ ਗਿਣਤੀ ਵਿੱਚ ਹਨ (ਸੰਭਾਵੀ 20–30%) ਅਤੇ ਸ਼ਾਇਦ ਉਹ ਕਈ ਉਮੀਦਵਾਰਾਂ ਵਿੱਚੋਂ ਚੋਣ ਦੇ ਨਤੀਜਿਆਂ ਬਾਰੇ ਫੈਸਲਾ ਕਰ ਸਕਦੇ ਹਨ।

- **"ਬਹੁ ਨਸਲੀ ਡਿਸਟ੍ਰਿਕਟਸ"** - ਉਹ ਜ਼ਿਲੇ ਹਨ ਜਿੱਥੇ ਏਸ਼ੀਅਨ ਅਮਰੀਕਨ ਸਾਂਝੇ ਹਿੱਤਾਂ ਵਾਲੇ ਘਟਗਿਣਤੀ ਦੇ ਕਿਸੇ ਹੋਰ ਸਮੂਹ ਨਾਲ ਮਿਲ ਜਾਂਦੇ ਹਨ। ਬੇਸ਼ਕ ਇੱਥੇ ਏਸ਼ੀਅਨ ਅਮਰੀਕਨ ਇਕੱਲੇ ਬਹੁ ਗਿਣਤੀ ਤੋਂ ਘੱਟ ਹੋ ਸਕਦੇ ਹਨ, ਪਰ ਘੱਟ ਗਿਣਤੀ ਵਾਲੇ ਸਮੂਹ ਨਾਲ ਇਕੱਠੇ ਹੋਕੇ ਬਹੁਗਿਣਤੀ ਵਿੱਚ ਹੋ ਜਾਂਦੇ ਹਨ। ਉਹ ਇਕੱਠਿਆਂ ਜ਼ਿਲੇ ਦਾ ਪ੍ਰਤੀਨਿਧ ਚੁਣ ਸਕਦੇ ਹਨ।




**ਅਗਲੇ ਕਦਮ**

ਇਹ ਯਕੀਨੀ ਬਣਾਉਣ ਲਈ ਕਿ ਏਸ਼ੀਅਨ ਅਮਰੀਕਨਾਂ ਨੂੰ ਆਪਣੀ ਪਸੰਦ ਦੇ ਉਮੀਦਵਾਰ ਚੁਣਨ ਲਈ ਉਚਿਤ ਅਤੇ ਨਿਰਪੱਖ ਮੌਕੇ ਮਿਲਣਾ ਇਸ ਲਈ ਏਸ਼ੀਅਨ ਅਮਰੀਕਨ ਲੀਗਲ ਡੀਫੈਂਸ ਐਂਡ ਐਜੂਕੇਸ਼ਨ ਫੰਡ (ਏਸ਼ੀਅਨ ਅਮਰੀਕਨਾਂ ਦੀ ਕਾਨੂੰਨੀ ਰੱਖਿਆ ਅਤੇ ਸਿਖਿਆ ਬਾਰੇ ਫੰਡ) ਮੁੜ ਜ਼ਿਲੇਬੰਦੀ ਕਰਨ ਲਈ ਕਮਿਊਨਿਟੀ ਸਮੂਹਾਂ ਨਾਲ ਕੰਮ ਕਰੇਗਾ। ਜਨਗਣਨਾ ਵਿੱਚ ਏਸ਼ੀਅਨ ਅਮਰੀਕਨਾਂ ਦੀ ਆਬਾਦੀ ਦੀ ਬਿਲਕੁਲ ਸਹੀ ਅਤੇ ਪੂਰੀ ਗਿਣਤੀ ਇੱਕ ਅਹਿਮ ਨਾਜ਼ੁਕ ਪਹਿਲਾ ਕਦਮ ਹੈ ਸੋ ਜਨਗਣਨਾ ਵਿੱਚ ਗਿਣੇ ਜਾਓ।

**ਹੋਰ ਵੱਧ ਜਾਣਕਾਰੀ ਲਈ ਸੰਪਰਕ ਕਰੋ** : AALDEF ਤੇ "votingrights@aaldef.org" ਜਾਂ 212-966-5932.

© 2010 AALDEF – Census & Redistricting Fact Sheet - Punjabi